


# ਯਿਸੂ ਕੌਣ ਹੈ?

ਈ. ਸੁਰੇਸ਼ ਥੌਮਸ


WORD UNPACKED

YouTube : WORD UNPACKED

Instagram : WORD UNPACKED

LIKE SHARE SUBSCRIBE

www.whoisjesus.faith



# ਯਿਸੂ

## ਕੌਣ ਹੈ?

**ਈ. ਸੁਰੇਸ਼ ਥੌਮਸ**

# ਵਿਸ਼ਾ-ਵਸਤੂ

ਭੂਮਿਕਾ: ਯਿਸੂ ਕੌਣ ਹੈ? ........ 1

ਅਧਿਆਇ ਇੱਕ: ਉਸ ਦਾ ਜਨਮ ਅਤੇ ਪੂਰਵ-ਹੋਂਦ ........ 3

ਅਧਿਆਇ ਦੋ: ਉਸ ਦਾ ਨਿਸ਼ਪਾਪ ਜੀਵਨ ........ 25

ਅਧਿਆਇ ਤਿੰਨ: ਉਸ ਦੀਆਂ ਸਿੱਖਿਆਵਾਂ ........ 37

ਅਧਿਆਇ ਚਾਰ: ਉਸ ਦੇ ਚਮਤਕਾਰ ........ 53

ਅਧਿਆਇ ਪੰਜ: ਉਸ ਦੀ ਮੌਤ ........ 77

ਅਧਿਆਇ ਛੇ: ਉਸ ਦਾ ਜੀ ਉੱਠਣਾ ........ 95

ਅਧਿਆਇ ਸੱਤ: ਉਸ ਦੀ ਦੂਜੀ ਆਮਦ ........ 109

ਸਿੱਟਾ: ਮੇਰਾ ਪ੍ਰਤੀਉੱਤਰ ........ 127

*ਭੂਮਿਕਾ*

# ਯਿਸੂ ਕੌਣ ਹੈ?

ਬਾਈਬਲ ਇੱਕ ਇਤਿਹਾਸਕ ਪੁਸਤਕ ਹੈ ਜਿਸ ਵਿੱਚ ਸੰਸਾਰ ਦੀ ਸਰਿਸ਼ਟੀ ਤੋਂ ਲੈ ਕੇ ਜੁੱਗਾਂ ਦੇ ਅੰਤ ਤੱਕ ਦੀਆਂ ਘਟਨਾਵਾਂ ਦਰਜ ਹਨ।

ਬਾਈਬਲ ਦੀ ਪਹਿਲੀ ਪੁਸਤਕ, ਉਤਪਤ, ਦਾ ਅਰੰਭ ਇਸ ਵਾਕ ਨਾਲ ਹੁੰਦਾ ਹੈ, "ਆਦ ਵਿੱਚ ਪਰਮੇਸ਼ੁਰ ਨੇ ਅਕਾਸ਼ ਤੇ ਧਰਤੀ ਨੂੰ ਉਤਪਤ ਕੀਤਾ।" ਪਰਮੇਸ਼ੁਰ ਸਦੀਪਕ, ਸਰਬਸ਼ਕਤੀਮਾਨ (ਸਰਬ ਸਮਰੱਥੀ), ਸਰਬਵਿਆਪੀ (ਹਰ ਵੇਲੇ ਹਰ ਥਾਂ ਹਾਜ਼ਰ ਰਹਿਣ ਵਾਲਾ) ਅਤੇ ਸਰਬਗਿਆਨੀ (ਸਭ ਕੁਝ ਜਾਣਨ ਵਾਲਾ) ਹੈ। ਉਸ ਨੇ ਸਭ ਕੁਝ ਆਪਣੇ ਮੁੱਖ ਦੇ ਸ਼ਬਦਾਂ ਨਾਲ ਸਿਰਜਿਆ ਹੈ।

ਅੱਗੇ ਅਸੀਂ ਪੜ੍ਹਦੇ ਹਾਂ ਕਿ ਕਿਵੇਂ ਪਰਮੇਸ਼ੁਰ ਨੇ ਉਨ੍ਹਾਂ ਸਭਨਾਂ ਵਸਤਾਂ ਨੂੰ ਸਿਰਜਿਆ ਜਿਨ੍ਹਾਂ ਨੂੰ ਅਸੀਂ ਆਪਣੇ ਚੁਫੇਰੇ ਵੇਖ ਸਕਦੇ ਹਾਂ। ਉਸ ਨੇ ਸਾਗ-ਪੱਤ, ਦਰਖਤਾਂ, ਮੱਛੀਆਂ, ਪਾਲਤੂ ਪਸ਼ੂਆਂ, ਜੰਗਲੀ ਜਾਨਵਰਾਂ, ਅਕਾਸ਼ ਦੇ ਪੰਛੀਆਂ ਅਤੇ ਧਰਤੀ ਉਤਲੀਆਂ ਸਭਨਾਂ ਵਸਤਾਂ ਨੂੰ ਸਿਰਜਿਆ। ਉਤਪਤ ਦੀ ਪੁਸਤਕ ਇਸੇ ਸਰਿਸ਼ਟੀ ਦੀ ਸਿਰਜਣਾ ਦਾ ਬਿਰਤਾਂਤ ਪੇਸ਼ ਕਰਦੀ ਹੈ। ਪਰਮੇਸ਼ੁਰ ਨੇ ਸਿਰਜਣਹਾਰ ਕਰਤਾਰ ਹੋਣ ਦੇ ਨਾਤੇ ਮਨੁੱਖਜਾਤੀ ਦੀ ਸਿਰਜਣਾ ਕਰਨ ਤੋਂ ਪਹਿਲਾਂ ਹੀ ਉਸ ਦੇ ਪਾਲਣ-ਪੋਸ਼ਣ ਲਈ ਸਾਰਾ ਪ੍ਰਬੰਧ ਕਰ ਦਿੱਤਾ। ਅੰਤ ਵਿੱਚ ਉਸ ਨੇ ਆਦਮੀ ਅਤੇ ਇਸਤਰੀ ਨੂੰ ਆਪਣੇ ਸਰੂਪ ਵਿੱਚ ਸਿਰਜਿਆ ਅਤੇ ਉਨ੍ਹਾਂ ਨੂੰ ਅਦਨ ਨਾਮਕ ਬਾਗ ਵਿੱਚ ਰੱਖ ਦਿੱਤਾ। ਉਸ ਨੇ ਉਨ੍ਹਾਂ ਨੂੰ ਅਸੀਸ ਦਿੱਤੀ ਅਤੇ ਵਧਣ-ਫੁਲਣ ਦਾ ਹੁਕਮ ਦਿੱਤਾ। ਉਸ ਨੇ ਉਨ੍ਹਾਂ ਨੂੰ ਆਖਿਆ ਕਿ ਉਹ ਉਸ ਦੀ ਸਾਰੀ ਸਰਿਸ਼ਟੀ ਉੱਤੇ ਰਾਜ ਕਰਨ ਅਤੇ ਬਾਗ ਨੂੰ ਵਾਹੁਣ ਅਤੇ ਉਸ ਦੀ ਰਾਖੀ ਕਰਨ।

ਉਹ ਬਾਗ ਦੇ ਕਿਸੇ ਵੀ ਰੁੱਖ ਦੇ ਫਲ ਨੂੰ ਬੇਝਿਜ਼ਕ ਖਾ ਸਕਦੇ ਸਨ ਪਰ ਉਨ੍ਹਾਂ ਨੂੰ "ਭਲੇ ਬੁਰੇ ਦੀ ਸਿਆਣ ਦੇ ਬਿਰਛ" ਦੇ ਫਲ ਨੂੰ ਖਾਣ ਤੋਂ ਵਰਜਿਆ ਗਿਆ ਸੀ। ਉਸ ਵਰਜੇ ਗਏ ਬਿਰਛ ਦੇ ਫਲ ਨੂੰ ਖਾਣ ਦੇ ਨਤੀਜਿਆਂ ਦੀ ਚਿਤਾਉਣੀ ਵੀ ਉਨ੍ਹਾਂ ਨੂੰ ਦਿੱਤੀ ਗਈ ਸੀ। ਉਨ੍ਹਾਂ ਨੂੰ ਦੱਸਿਆ ਗਿਆ ਸੀ ਕਿ ਜਿਸ ਦਿਨ ਉਹ ਉਸ ਬਿਰਛ ਦੇ ਫਲ ਨੂੰ ਖਾ ਲੈਣਗੇ, ਉਸੇ ਦਿਨ ਉਹ ਮਰ ਜਾਣਗੇ। ਹੱਵਾਹ ਨੂੰ ਸ਼ਤਾਨ

ਨੇ ਭਰਮਾ ਕੇ ਪਰਖਿਆ, ਜੋ ਇੱਕ ਡਿੱਗਿਆ ਹੋਇਆ ਸੁਰਗਦੂਤ ਹੈ ਅਤੇ ਸੱਪ ਦੇ ਰੂਪ ਵਿੱਚ ਉਸ ਦੇ ਕੋਲ ਆਇਆ ਸੀ। ਉਸ ਨੇ ਇਸ ਫਲ ਨੂੰ ਆਪ ਵੀ ਖਾਧਾ ਅਤੇ ਆਪਣੇ ਪਤੀ ਆਦਮ ਨੂੰ ਦਿੱਤਾ।

ਉਨ੍ਹਾਂ ਦੀ ਅਵੱਗਿਆ ਦੇ ਕਾਰਨ, ਜਿਸ ਨੂੰ ਬਾਈਬਲ "ਪਾਪ" ਆਖਦੀ ਹੈ, ਮੌਤ ਆ ਗਈ। ਪਰਮੇਸ਼ੁਰ ਤੋਂ ਜੁਦਾਈ ਦੇ ਰੂਪ ਵਿੱਚ ਆਈ ਮੌਤ, ਜਿਸ ਵਿੱਚ ਸਰੀਰਕ ਮੌਤ ਵੀ ਸ਼ਾਮਲ ਹੈ, ਸਾਰੀ ਮਨੁੱਖਜਾਤੀ ਵਿੱਚ ਫੈਲ ਗਈ। ਸ਼ਤਾਨ, ਜੋ ਪਰਮੇਸ਼ੁਰ ਦਾ ਵੈਰੀ ਹੈ, ਪਰਮੇਸ਼ੁਰ ਦੀ ਸੁੰਦਰ ਸਰਿਸ਼ਟੀ ਨੂੰ ਨਾਸ ਕਰਨ ਦੀ ਆਪਣੀ ਯੋਜਨਾ ਵਿੱਚ ਥੋੜ੍ਹੇ ਚਿਰ ਲਈ ਸਫਲ ਹੋ ਗਿਆ। ਪਾਪ ਇਨ੍ਹਾਂ ਭਿਆਣਕ ਨਤੀਜਿਆਂ ਨੂੰ ਲੈ ਕੇ ਆਇਆ, ਪਰ ਪਰਮੇਸ਼ੁਰ ਨੇ ਇੱਕ ਮੁਕਤੀਦਾਤਾ ਘੱਲਣ ਦੀ ਪ੍ਰਤਿੱਗਿਆ ਕੀਤੀ।

ਪਰਮੇਸ਼ੁਰ ਨੇ ਉਤਪਤ 3:15 ਵਿੱਚ ਸੱਪ ਨੂੰ ਆਖਿਆ, "ਤੇਰੇ ਤੇ ਤੀਵੀਂ ਵਿੱਚ ਅਤੇ ਤੇਰੀ ਸੰਤਾਨ ਤੇ ਤੀਵੀਂ ਦੀ ਸੰਤਾਨ ਵਿੱਚ ਮੈਂ ਵੈਰ ਪਾਵਾਂਗਾ। ਉਹ ਤੇਰੇ ਸਿਰ ਨੂੰ ਫੇਵੇਗਾ ਅਤੇ ਤੂੰ ਉਹ ਦੀ ਅੱਡੀ ਨੂੰ ਡੰਗ ਮਾਰੇਂਗਾ।" ਮਸੀਹ (ਮਸਹ ਕੀਤਾ ਹੋਇਆ) ਇੱਕ ਇਸਤਰੀ ਤੋਂ ਜੰਮੇਗਾ ਅਤੇ ਇੱਕ ਦਿਨ ਸੱਪ ਦੇ ਸਿਰ ਨੂੰ ਫੇਵੇਗਾ। ਕਹਿਣ ਦਾ ਭਾਵ ਇਹ ਹੈ ਕਿ ਉਹ ਸ਼ਤਾਨ ਦਾ ਅਤੇ ਮਨੁੱਖ ਦੇ ਪਤਨ ਰਾਹੀਂ ਉਸ ਨੇ ਜੋ ਹਾਸਲ ਕੀਤਾ ਹੈ, ਉਸ ਸਭ ਦਾ ਨਾਸ ਕਰ ਦੇਵੇਗਾ।

ਬਾਈਬਲ ਆਖਦੀ ਹੈ, "ਕਿਉਂਕਿ ਪਰਮੇਸ਼ੁਰ ਨੇ ਜਗਤ ਨੂੰ ਅਜਿਹਾ ਪਿਆਰ ਕੀਤਾ ਜੋ ਉਹ ਨੇ ਆਪਣੇ ਇਕਲੌਤਾ ਪੁੱਤ੍ਰ ਬਖ਼ਸ਼ ਦਿੱਤਾ ਤਾਂ ਜੋ ਹਰੇਕ ਜੋ ਉਸ ਉੱਤੇ ਨਿਹਚਾ ਕਰੇ ਨਾਸ ਨਾ ਹੋਵੇ ਪਰ ਸਦੀਪਕ ਜੀਉਣ ਪਾਵੇ" (ਯੂਹੰਨਾ 3:16)। ਬਾਈਬਲ ਆਖਦੀ ਹੈ ਕਿ ਇਹ ਪਰਮੇਸ਼ੁਰ ਸਦੀਪਕ ਕਾਲ ਤੋਂ ਤਿੰਨ ਵਿਅਕਤੀਆਂ ਵਜੋਂ ਹੋਂਦ ਵਿੱਚ ਹੈ: ਪਰਮੇਸ਼ੁਰ ਪਿਤਾ, ਪਰਮੇਸ਼ੁਰ ਪੁੱਤਰ ਅਤੇ ਪਰਮੇਸ਼ੁਰ ਪਵਿੱਤਰ ਆਤਮਾ। ਪਰਮੇਸ਼ੁਰ ਦੇ ਪੁੱਤਰ ਯਿਸੂ ਦਾ ਜਨਮ 2000 ਵਰ੍ਹੇ ਪਹਿਲਾਂ ਇਸਰਾਏਲ ਦੇਸ ਵਿੱਚ ਹੋਇਆ।

ਅਨੇਕਾਂ ਲੋਕਾਂ ਨੇ ਯਿਸੂ ਮਸੀਹ ਦੇ ਅਦੁੱਤੀਪਣ ਦੀ ਜਾਂਚ ਕਰਨ ਦੇ ਜਤਨ ਕੀਤੇ ਹਨ ਅਤੇ ਉਸ ਦੇ ਜੀਵਨ ਬਾਰੇ ਅਨੇਕਾਂ ਪੁਸਤਕਾਂ ਲਿਖੀਆਂ ਜਾ ਚੁੱਕੀਆਂ ਹਨ। ਬਾਈਬਲ ਯਿਸੂ ਬਾਰੇ ਅਨੇਕ ਦਾਅਵੇ ਕਰਦੀ ਹੈ ਅਤੇ ਉਸ ਦੇ ਜੀਵਨ, ਮੌਤ ਅਤੇ ਜੀ ਉੱਠਣ ਦੇ ਪ੍ਰਮਾਣ ਪੇਸ਼ ਕਰਦੀ ਹੈ। ਅਸੀਂ ਨਾ ਤਾਂ ਇਨ੍ਹਾਂ ਗੱਲਾਂ ਨੂੰ ਅਣਦੇਖਾ ਕਰ ਸਕਦੇ ਹਾਂ ਅਤੇ ਨਾ ਹੀ ਇਨ੍ਹਾਂ ਨੂੰ ਹਲਕੇ ਤੌਰ 'ਤੇ ਲੈ ਸਕਦੇ ਹਾਂ। ਇਸ ਗੱਲ ਦੀ ਸਹੀ ਸਮਝ, ਕਿ ਯਿਸੂ ਮਸੀਹ ਕੌਣ ਹੈ ਅਤੇ ਕੀ ਕਰਦਾ ਹੈ, ਸਾਡੀ ਨਿਯਤੀ ਨੂੰ ਬਦਲ ਦਿੰਦੀ ਹੈ।

ਇਸ ਅਧਿਐਨ ਦਾ ਟੀਚਾ ਤੁਹਾਨੂੰ ਇਸ ਜੋਗ ਬਣਾਉਣਾ ਹੈ ਕਿ ਤੁਸੀਂ ਆਪ ਪਵਿੱਤਰ ਲਿਖਤਾਂ ਵਿੱਚੋਂ ਖੋਜ ਕਰ ਸਕੋ ਅਤੇ ਇੱਕ ਸਿੱਟੇ 'ਤੇ ਪੁੱਜ ਸਕੋ।

ਸਾਨੂੰ ਆਪ ਸਚਿਆਈ ਦੀ ਭਾਲ ਕਰਨ ਦੀ ਲੋੜ ਹੈ ਅਤੇ ਸਚਿਆਈ ਸਾਨੂੰ ਅਜ਼ਾਦ ਕਰ ਦੇਵੇਗੀ।

## ਅਧਿਆਇ ਇੱਕ

# ਉਸ ਦਾ ਜਨਮ ਅਤੇ ਪੂਰਵ-ਹੋਂਦ

ਇਸ ਧਰਤੀ ਉੱਤੇ ਜਨਮ ਲੈਣ ਵਾਲੇ ਕਰੋੜਾਂ ਲੋਕ ਜੀਵਨ ਬਤੀਤ ਕਰਦੇ ਹਨ ਅਤੇ ਮਰ ਜਾਂਦੇ ਹਨ। ਕਿਸੇ ਵਿਅਕਤੀ ਦੇ ਜਨਮ ਨੂੰ ਕਿਹੜੀ ਗੱਲ ਅਦੁੱਤੀ ਬਣਾਉਂਦੀ ਹੈ? ਕੀ ਕੋਈ ਵਿਅਕਤੀ ਆਪਣੇ ਜਨਮ ਲਈ ਸਮੇਂ, ਸਥਾਨ ਜਾਂ ਪਰਿਵਾਰ ਦੀ ਚੋਣ ਆਪ ਕਰ ਸਕਦਾ ਹੈ? ਇਸ ਅਧਿਆਇ ਵਿੱਚ ਅਸੀਂ ਯਿਸੂ ਮਸੀਹ ਦੇ ਜਨਮ ਅਤੇ ਮੂਲ ਬਾਰੇ ਗੱਲ ਕਰਾਂਗੇ ਅਤੇ ਵੇਖਾਂਗੇ ਕਿ ਕਿਵੇਂ ਉਹ ਸਾਡਿਆਂ ਸਾਰਿਆਂ ਨਾਲੋਂ ਵੱਖਰਾ ਹੈ, ਜਿਵੇਂ ਕਿ ਬਾਈਬਲ ਦਾਅਵਾ ਕਰਦੀ ਹੈ।

**ਵਧੇਰੇ ਜਾਣਕਾਰੀ:** *ਯਸਾਯਾਹ ਦੀ ਪੁਸਤਕ ਪੁਰਾਤਨ ਯਹੂਦੀ ਪਵਿੱਤਰ ਲਿਖਤਾਂ ਦਾ ਹਿੱਸਾ ਹੈ ਅਤੇ ਯਿਸੂ ਦੇ ਜਨਮ ਤੋਂ ਲਗਭਗ 700 ਵਰ੍ਹੇ ਪਹਿਲਾਂ ਲਿਖੀ ਗਈ ਸੀ। ਇਸ ਪੁਸਤਕ ਵਿੱਚ ਯਸਾਯਾਹ ਨਬੀ ਨੇ ਭਾਵੀ ਮਸੀਹ ਦੇ ਜਨਮ, ਜੀਵਨ, ਮੌਤ, ਦਫਨਾਏ ਜਾਣ ਅਤੇ ਜੀ ਉੱਠਣ ਦੀ ਨਬੂਵਤ ਕੀਤੀ ਹੈ।*

**ਪਤਾ ਲਗਾਓ:**

ਯਸਾਯਾਹ 7:14 ਅਤੇ 9:6-7 ਪੜ੍ਹੋ।

- **ਪੁੱਤ੍ਰ** ਅਤੇ **ਬਾਲਕ** ਸਣੇ **ਭਾਵੀ ਮਸੀਹ** ਦੇ ਹਰੇਕ ਹਵਾਲੇ ਉੱਤੇ ਸਲੀਬ (✝) ਦਾ ਨਿਸ਼ਾਨ ਬਣਾਓ। ਬਾਈਬਲ ਦੀਆਂ ਆਇਤਾਂ ਉੱਤੇ ਇਸ ਤਰ੍ਹਾਂ ਨਿਸ਼ਾਨ ਲਗਾਉਣ ਨਾਲ ਤੁਹਾਨੂੰ ਹੌਲੀ-ਹੌਲੀ ਪੜ੍ਹਨ ਅਤੇ ਮੁੱਖ ਸ਼ਬਦਾਂ ਉੱਤੇ ਧਿਆਨ ਲਗਾਉਣ ਵਿੱਚ ਮਦਦ ਮਿਲੇਗੀ।

**ਯਸਾਯਾਹ 7:14**

4 ਏਸ ਲਈ ਪ੍ਰਭੁ ਆਪ ਤੁਹਾਨੂੰ ਇੱਕ ਨਿਸ਼ਾਨ ਦੇਵੇਗਾ। ਵੇਖੋ, ਇੱਕ ਕੁਆਰੀ ਗਰਭਵੰਤੀ ਹੋਵੇਗੀ ਅਤੇ ਪੁੱਤ੍ਰ ਜਣੇਗੀ ਅਤੇ ਉਹ ਉਸ ਦਾ ਨਾਮ ਇੰਮਾਨੂਏਲ ਰੱਖੇਗੀ (ਨੋਟ: ਇੰਮਾਨੂਏਲ ਦਾ ਅਰਥ ਹੈ "ਪਰਮੇਸ਼ੁਰ ਸਾਡੇ ਨਾਲ।")

**ਯਸਾਯਾਹ 9:6-7**

6 *ਸਾਡੇ ਲਈ ਤਾਂ ਇੱਕ ਬਾਲਕ ਜੰਮਿਆ ਅਤੇ ਸਾਨੂੰ ਇੱਕ ਪੁੱਤ੍ਰ ਬ਼ਖ਼ਸ਼ਿਆ ਗਿਆ, ਰਾਜ ਉਹ ਦੇ ਮੋਢੇ ਉੱਤੇ ਹੋਵੇਗਾ ਅਤੇ ਉਹ ਦਾ ਨਾਮ ਇਉਂ ਸੱਦਿਆ ਜਾਵੇਗਾ, "ਅਚਰਜ ਸਲਾਹੂ, ਸ਼ਕਤੀਮਾਨ ਪਰਮੇਸ਼ੁਰ, ਅਨਾਦੀ ਪਿਤਾ, ਸ਼ਾਂਤੀ ਦਾ ਰਾਜ ਕੁਮਾਰ"।*

7 *ਉਹ ਦੇ ਰਾਜ ਦੀ ਤਰੱਕੀ ਅਤੇ ਸਲਾਮਤੀ ਦੀ ਕੋਈ ਹੱਦ ਨਾ ਹੋਵੇਗੀ, ਦਾਊਦ ਦੀ ਰਾਜ-ਗੱਦੀ ਉੱਤੇ ਅਤੇ ਉਹ ਦੀ ਪਾਤਸ਼ਾਹੀ ਉੱਤੇ, ਭਈ ਉਹ ਉਸ ਨੂੰ ਕਾਇਮ ਕਰੇ ਅਤੇ ਨਿਆਉਂ ਤੇ ਧਰਮ ਨਾਲ ਉਸ ਨੂੰ ਹੁਣ ਤੋਂ ਜੁੱਗੋ ਜੁੱਗ ਸੰਭਾਲੇ। ਸੈਨਾਂ ਦੇ ਯਹੋਵਾਹ ਦੀ ਅਣਖ ਏਹ ਕਰੇਗੀ।*

ਯਸਾਯਾਹ 9:6-7 ਨੂੰ ਇੱਕ ਵਾਰੀ ਫਿਰ ਪੜ੍ਹੋ ਅਤੇ ਇਸ ਵਾਰ...

- **ਰਾਜ, ਰਾਜ-ਗੱਦੀ, ਪਾਤਸ਼ਾਹੀ** ਸ਼ਬਦਾਂ ਉੱਤੇ ਅਤੇ ਉਨ੍ਹਾਂ ਦਿਆਂ ਪੜਨਾਵਾਂ ਉੱਤੇ ਮੁਕਟ ਦਾ ਨਿਸ਼ਾਨ ਬਣਾਓ।
- **ਅਨਾਦੀ, ਹੱਦ ਨਾ** ਅਤੇ **ਹੁਣ ਤੋਂ ਜੁੱਗੋ ਜੁੱਗ** ਸਣੇ (ਸਮੇਂ) ਦੇ ਹਰੇਕ ਹਵਾਲੇ ਉੱਤੇ ਗੋਲਾ ਬਣਾਓ।

**ਆਪਣੇ ਮਨ ਵਿੱਚ ਵਿਚਾਰ ਕਰੋ ਜਾਂ ਸਮੂਹ ਵਿੱਚ ਚਰਚਾ ਕਰੋ ਅਤੇ ਫਿਰ ਆਪਣੇ ਉੱਤਰ ਲਿਖੋ:**

- ਕੁਆਰੀ ਤੋਂ ਜੰਮਣ ਵਾਲੇ ਪੁੱਤ੍ਰ ਨੂੰ ਕਿਹੜੇ-ਕਿਹੜੇ ਨਾਮ ਅਤੇ ਸਿਰਲੇਖ ਦਿੱਤੇ ਗਏ ਹਨ?

- ਯਸਾਯਾਹ 9 ਵਿੱਚ ਉਸ ਦੇ ਰਾਜ ਅਤੇ ਪਾਤਸ਼ਾਹੀ ਦਾ ਵੇਰਵਾ ਦੇਣ ਲਈ ਕਿੰਨ੍ਹਾ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ?

- ਇਹ ਕਿਸ ਤਰ੍ਹਾਂ ਪੂਰਾ ਹੋਵੇਗਾ? (ਯਸਾਯਾਹ 9:7 ਪੜ੍ਹੋ)



**ਪਤਾ ਲਗਾਓ:**

ਪਰਮੇਸ਼ੁਰ ਨੇ ਯਿਸੂ ਦੇ ਪੁਰਖੇ ਰਾਜਾ ਦਾਊਦ ਨੂੰ ਪ੍ਰਤਿੱਗਿਆ ਦਿੱਤੀ ਸੀ ਕਿ ਉਸ ਦੀ ਪਾਤਸ਼ਾਹੀ ਸਦਾਕਾਲ ਦੀ ਪਾਤਸ਼ਾਹੀ ਹੋਵੇਗੀ ਅਤੇ ਉਸ ਦਾ ਕਦੇ ਅੰਤ ਨਾ ਹੋਵੇਗਾ (2 ਸਮੂਏਲ 7:12-17)।

ਯਸਾਯਾਹ ਵਿੱਚ ਅਸੀਂ ਜੋ ਪੜ੍ਹਿਆ ਹੈ ਉਸ ਦੇ ਅਨੁਸਾਰ ਕੁਆਰੀ ਤੋਂ ਜੰਮਣ ਵਾਲਾ ਮਸੀਹ ਰਾਜਾ ਦਾਊਦ ਦੀ ਪਾਤਸ਼ਾਹੀ ਉੱਤੇ ਸਦਾਕਾਲ ਲਈ ਰਾਜ ਕਰੇਗਾ।

ਹੁਣ ਅਸੀਂ ਇਸ ਨਬੂਵਤ ਦੀ ਪੂਰਤੀ ਬਾਰੇ ਪੜ੍ਹਨ ਜਾ ਰਹੇ ਹਾਂ। ਯਿਸੂ ਦਾ ਜਨਮ ਮਰਿਯਮ ਨਾਮ ਦੀ ਇੱਕ ਕੁਆਰੀ ਦੀ ਕੁੱਖੋਂ ਹੋਇਆ। ਨਵੇਂ ਨੇਮ ਵਿੱਚ ਚਾਰ ਇੰਜੀਲਾਂ ਵਿੱਚੋਂ ਇੱਕ ਦੇ ਲੇਖਕ, ਲੂਕਾ, ਨੇ ਇਸ ਬਿਰਤਾਂਤ ਨੂੰ ਦਰਜ ਕੀਤਾ ਹੈ।

ਆਓ ਲੂਕਾ 1:26-35, 2:1-11 ਨੂੰ ਪੜ੍ਹੀਏ।

- **ਪੁੱਤ੍ਰ, ਪਵਿੱਤ੍ਰ, ਜੇਠਾ ਪੁੱਤ੍ਰ, ਮੁਕਤੀ ਦਾਤਾ, ਮਸੀਹ ਪ੍ਰਭੁ** ਸਣੇ **ਯਿਸੂ** ਦੇ ਹਰੇਕ ਹਵਾਲੇ ਉੱਤੇ ਸਲੀਬ (✝) ਦਾ ਨਿਸ਼ਾਨ ਬਣਾਓ।

**ਲੂਕਾ 1:26-35**

26 ਛੇਂਵੇ ਮਹੀਨੇ ਜਿਬਰਾਏਲ ਦੂਤ ਪਰਮੇਸ਼ੁਰ ਦੀ ਵੱਲੋਂ ਨਾਸਰਤ ਨਾਮੇ ਗਲੀਲ ਦੇ ਇੱਕ ਨਗਰ ਵਿੱਚ

27 ਇੱਕ ਕੁਆਰੀ ਦੇ ਕੋਲ ਭੇਜਿਆ ਗਿਆ ਜਿਹ ਦੀ ਕੁੜਮਾਈ ਯੂਸੁਫ਼ ਕਰਕੇ ਦਾਊਦ ਦੇ ਘਰਾਣੇ ਦੇ ਇੱਕ ਪੁਰਸ਼ ਨਾਲ ਹੋਈ ਸੀ ਅਰ ਉਸ ਕੁਆਰੀ ਦਾ ਨਾਉਂ ਸੀ ਮਰਿਯਮ

28 ਅਤੇ ਉਸ ਨੇ ਉਹ ਦੇ ਕੋਲ ਅੰਦਰ ਆਣ ਕੇ ਕਿਹਾ, ਵਧਾਇਓਂ ਜਿਹ ਦੇ ਉੱਤੇ ਕਿਰਪਾ ਹੋਈ! ਪ੍ਰਭੂ ਤੇਰੇ ਨਾਲ ਹੈ।

29 ਪਰ ਉਹ ਇਸ ਬਚਨ ਤੋਂ ਬਹੁਤ ਘਬਰਾਈ ਅਰ ਸੋਚਣ ਲੱਗੀ ਜੋ ਇਹ ਕਿਹੋ ਜਿਹੀ ਵਧਾਈ ਹੈ?

30 ਦੂਤ ਨੇ ਉਹ ਨੂੰ ਆਖਿਆ, ਹੇ ਮਰਿਯਮ ਨਾ ਡਰ ਕਿਉਂ ਜੋ ਤੇਰੇ ਉੱਤੇ ਪਰਮੇਸ਼ੁਰ ਦੀ ਕਿਰਪਾ ਹੋਈ

31 ਅਤੇ ਵੇਖ ਤੂੰ ਗਰਭਵੰਤੀ ਹੋਵੇਂਗੀ ਅਰ ਪੁੱਤ੍ਰ ਜਣੇਂਗੀ ਅਤੇ ਉਹ ਦਾ ਨਾਮ ਯਿਸੂ ਰੱਖਣਾ।

32 ਉਹ ਮਹਾਨ ਹੋਵੇਗਾ ਅਤੇ ਅੱਤ ਮਹਾਨ ਦਾ ਪੁੱਤ੍ਰ ਸਦਾਵੇਗਾ ਅਤੇ ਪ੍ਰਭੂ ਪਰਮੇਸ਼ੁਰ ਉਹ ਦੇ ਪਿਤਾ ਦਾਊਦ ਦਾ ਤਖ਼ਤ ਉਹ ਨੂੰ ਦੇਵੇਗਾ।

33 ਉਹ ਜੁੱਗੋ ਜੁੱਗ ਯਾਕੂਬ ਦੇ ਘਰਾਣੇ ਉੱਤੇ ਰਾਜ ਕਰੇਗਾ ਅਤੇ ਉਹ ਦੇ ਰਾਜ ਦਾ ਅੰਤ ਨਾ ਹੋਵੇਗਾ।

34 ਤਦ ਮਰਿਯਮ ਨੇ ਦੂਤ ਨੂੰ ਆਖਿਆ, ਇਹ ਕਿੱਕੁਰ ਹੋਵੇਗਾ ਜਦ ਮੈਂ ਪੁਰਸ਼ ਨੂੰ ਨਹੀਂ ਜਾਣਦੀ।

35 ਦੂਤ ਨੇ ਉਸ ਨੂੰ ਉੱਤਰ ਦਿੱਤਾ ਕਿ ਪਵਿੱਤ੍ਰ ਆਤਮਾ ਤੇਰੇ ਉੱਪਰ ਆਵੇਗਾ ਅਰ ਅੱਤ ਮਹਾਨ ਦੀ ਕੁਦਰਤ ਤੇਰੇ ਉੱਤੇ ਛਾਇਆ ਕਰੇਗੀ ਇਸ ਕਰਕੇ ਜਿਹੜਾ ਜੰਮੇਗਾ ਉਹ ਪਵਿੱਤ੍ਰ ਅਤੇ ਪਰਮੇਸ਼ੁਰ ਦਾ ਪੁੱਤ੍ਰ ਕਹਾਵੇਗਾ।

**ਲੂਕਾ 2:1-11**

1 ਉੱਨ੍ਹੀਂ ਦਿਨੀਂ ਐਉਂ ਹੋਇਆ ਕਿ ਕੈਸਰ ਔਗੁਸਤੁਸ ਦੇ ਕੋਲੋਂ ਹੁਕਮ ਨਿੱਕਲਿਆ ਜੋ ਸਾਰੀ ਦੁਨਿਆ ਦੀ ਮਰਦੁਮਸ਼ੁਮਾਰੀ ਹੋਵੇ

2 ਇਹ ਪਹਿਲੀ ਮਰਦੁਮਸ਼ੁਮਾਰੀ ਸੀ ਜੋ ਸੂਰੀਆ ਦੇ ਹਾਕਿਮ ਕੁਰੇਨਿਯੁਸ ਦੇ ਸਮੇਂ ਵਿੱਚ ਕੀਤੀ ਗਈ

3 ਤਦੋਂ ਸਭ ਆਪੋ ਆਪਣੇ ਨਗਰ ਨੂੰ ਨਾਂਉ ਲਿਖਾਉਣ ਚੱਲੇ

4 ਅਤੇ ਯੂਸੁਫ਼ ਵੀ ਇਸ ਲਈ ਜੋ ਉਹ ਦਾਊਦ ਦੇ ਘਰਾਣੇ ਅਤੇ ਉਲਾਦ ਵਿੱਚੋਂ ਸੀ, ਗਲੀਲ ਦੇ ਨਾਸਰਤ ਨਗਰੋਂ ਯਹੂਦਿਯਾ ਵਿੱਚ ਦਾਊਦ ਦੇ ਨਗਰ ਨੂੰ ਜੋ ਬੈਤਲਹਮ ਕਹਾਉਂਦਾ ਹੈ ਗਿਆ

5 ਭਈ ਆਪਣੀ ਮੰਗ ਮਰਿਯਮ ਸਣੇ ਜੋ ਗਰਭਵੰਤੀ ਸੀ ਆਪਣਾ ਨਾਉਂ ਲਿਖਾਵੇ

6 ਅਤੇ ਐਉਂ ਹੋਇਆ ਕਿ ਉਨ੍ਹਾਂ ਦੇ ਉੱਥੇ ਹੁੰਦਿਆਂ ਮਰਿਯਮ ਦੇ ਜਣਨੇ ਦੇ ਦਿਨ ਪੂਰੇ ਹੋ ਗਏ

7 ਅਤੇ ਉਹ ਆਪਣਾ ਜੇਠਾ ਪੁੱਤ੍ਰ ਜਣੀ ਅਰ ਉਹ ਨੂੰ ਕੱਪੜੇ ਵਿੱਚ ਵਲ੍ਹੇਟ ਕੇ ਖੁਰਲੀ ਵਿੱਚ ਰੱਖਿਆ ਕਿਉਂ ਜੋ ਉਨ੍ਹਾਂ ਨੂੰ ਸਰਾਂ ਵਿੱਚ ਥਾਂ ਨਾਂ ਮਿਲਿਆ।

8 ਉਸ ਦੇਸ ਵਿੱਚ ਅਯਾਲੀ ਸਨ ਜੋ ਰੜ ਵਿੱਚ ਰਹਿੰਦੇ ਅਤੇ ਰਾਤ ਨੂੰ ਆਪਣੇ ਇੱਜੜ ਦੀ ਰਾਖੀ ਕਰਦੇ ਸਨ

9 ਪ੍ਰਭੂ ਦਾ ਇੱਕ ਦੂਤ ਉਨ੍ਹਾਂ ਦੇ ਕੋਲ ਆ ਖਲੋਤਾ ਅਤੇ ਪ੍ਰਭੂ ਦਾ ਤੇਜ ਉਨ੍ਹਾਂ ਦੇ ਚੁਫੇਰੇ ਚਮਕਿਆ ਅਤੇ ਓਹ ਬਹੁਤ ਹੀ ਡਰ ਗਏ

10 ਤਦ ਦੂਤ ਨੇ ਉਨ੍ਹਾਂ ਨੂੰ ਆਖਿਆ, ਨਾ ਡਰੋ ਕਿਉਂਕਿ ਵੇਖੋ ਮੈਂ ਤੁਹਾਨੂੰ ਵੱਡੀ ਖੁਸ਼ੀ ਦੀ ਖਬਰ ਸੁਣਾਉਂਦਾ ਹਾਂ ਜੋ ਸਾਰੀ ਪਰਜਾ ਦੇ ਲਈ ਹੋਵੇਗਾ

11 ਭਈ ਦਾਊਦ ਦੇ ਨਗਰ ਵਿੱਚ ਅੱਜ ਤੁਹਾਡੇ ਲਈ ਇੱਕ ਮੁਕਤੀ ਦਾਤਾ ਪੈਦਾ ਹੋਇਆ, ਜਿਹੜਾ ਮਸੀਹ ਪ੍ਰਭੂ ਹੈ।

ਲੂਕਾ 1:26-35, 2:1-11 ਨੂੰ ਇੱਕ ਵਾਰੀ ਫਿਰ ਪੜ੍ਹੋ ਅਤੇ ਇਸ ਵਾਰ...

- **ਤਖ਼ਤ** ਅਤੇ **ਰਾਜ** ਸ਼ਬਦਾਂ ਉੱਤੇ ਮੁਕਟ ਦਾ ਨਿਸ਼ਾਨ ਬਣਾਓ।
- **ਜੁੱਗੋ ਜੁੱਗ** ਅਤੇ **ਅੰਤ ਨਾ** ਸਣੇ ਸਮੇਂ ਦੇ ਹਰੇਕ ਹਵਾਲੇ ਉੱਤੇ ਗੋਲਾ ਬਣਾਓ।

**ਆਪਣੇ ਮਨ ਵਿੱਚ ਵਿਚਾਰ ਕਰੋ ਜਾਂ ਸਮੂਹ ਵਿੱਚ ਚਰਚਾ ਕਰੋ ਅਤੇ ਫਿਰ ਆਪਣੇ ਉੱਤਰ ਲਿਖੋ:**

- ਯਿਸੂ ਉੱਤੇ ਨਿਸ਼ਾਨ ਲਗਾਉਣ ਅਤੇ ਅਵਲੋਕਨ ਕਰਨ ਨਾਲ ਤੁਸੀਂ ਕੀ ਸਿੱਖਦੇ ਹੋ?

- ਉਸ ਦੇ ਰਾਜ ਦੇ ਵਿਸਥਾਰ ਬਾਰੇ ਤੁਸੀਂ ਕੀ ਸਿੱਖਦੇ ਹੋ? ਸਮੇਂ ਦੇ ਸੰਦਰਭਾਂ ਉੱਤੇ ਗੌਰ ਕਰੋ।

- ਲੂਕਾ 1:34 ਦੇ ਅਨੁਸਾਰ ਮਰਿਯਮ ਦੀ ਚਿੰਤਾ ਕੀ ਸੀ? ਉਸ ਦੀ ਚਿੰਤਾ ਦਾ ਦੂਤ ਨੇ ਕੀ ਉੱਤਰ ਦਿੱਤਾ?

- ਸਾਡੀ ਤੁਲਨਾ ਵਿੱਚ ਯਿਸੂ ਕਿਸ ਗੱਲ ਵਿੱਚ ਅਦੁੱਤੀ ਹੈ?

- ਯਸਾਯਾਹ 7:14 ਅਤੇ 9:6-7 ਵਿਚਲੀ ਨਬੂਵਤ ਦੀ ਪੂਰਤੀ ਉੱਤੇ ਗੌਰ ਕਰੋ, ਜਿਸ ਨੂੰ ਤੁਸੀਂ ਪਹਿਲਾਂ ਪੜ੍ਹਿਆ ਸੀ। ਕੀ ਪੂਰਾ ਹੋ ਚੁੱਕਾ ਹੈ ਅਤੇ ਕੀ ਪੂਰਾ ਹੋਣਾ ਬਾਕੀ ਹੈ?



ਆਓ ਅੱਗੇ ਪੜ੍ਹ ਕੇ ਵੇਖੀਏ ਕਿ ਵਚਨ ਇਸ ਮਸੀਹ ਬਾਰੇ ਹੋਰ ਕੀ ਆਖਦਾ ਹੈ।

**ਪਤਾ ਲਗਾਓ:**

ਯੂਹੰਨਾ 1:1-3, 14-17 ਅਤੇ ਕੁਲੁੱਸੀਆਂ 1:13-17 ਨੂੰ ਪੜ੍ਹੋ ਅਤੇ...

- **ਸ਼ਬਦ, ਇਕਲੌਤੇ** ਅਤੇ **ਪੁੱਤ੍ਰ** ਸਣੇ ਯਿਸੂ ਦੇ ਹਰੇਕ ਹਵਾਲੇ ਉੱਤੇ ਸਲੀਬ (**†**) ਦਾ ਨਿਸ਼ਾਨ ਬਣਾਓ।
- **ਆਦ, ਮਗਰੋਂ, ਜੇਠਾ** ਅਤੇ **ਪਹਿਲਾਂ** ਸਣੇ (ਸਮੇਂ) ਦੇ ਹਰੇਕ ਹਵਾਲੇ ਉੱਤੇ ਗੋਲਾ ਬਣਾਓ।

**ਯੂਹੰਨਾ 1:1-3, 14-17**

1 ਆਦ ਵਿੱਚ ਸ਼ਬਦ ਸੀ ਅਰ ਸ਼ਬਦ ਪਰਮੇਸ਼ੁਰ ਦੇ ਸੰਗ ਸੀ ਅਤੇ ਸ਼ਬਦ ਪਰਮੇਸ਼ੁਰ ਸੀ।

2 ਇਹੋ ਆਦ ਵਿੱਚ ਪਰਮੇਸ਼ੁਰ ਦੇ ਸੰਗ ਸੀ।

3 ਸੱਭੋ ਕੁਝ ਉਸ ਤੋਂ ਰਚਿਆ ਗਿਆ ਅਤੇ ਰਚਨਾ ਵਿੱਚੋਂ ਇੱਕ ਵਸਤੁ ਭੀ ਉਸ ਤੋਂ ਬਿਨਾ ਨਹੀਂ ਰਚੀ ਗਈ।

**14** ਅਤੇ ਸ਼ਬਦ ਦੇਹ ਧਾਰੀ ਹੋਇਆ ਅਤੇ ਕਿਰਪਾ ਅਤੇ ਸਚਿਆਈ ਨਾਲ ਭਰਪੂਰ ਹੋ ਕੇ ਸਾਡੇ ਵਿੱਚ ਵਾਸ ਕੀਤਾ ਅਤੇ ਅਸਾਂ ਉਸ ਦਾ ਤੇਜ ਪਿਤਾ ਦੇ ਇਕਲੌਤੇ ਦੇ ਤੇਜ ਵਰਗਾ ਡਿੱਠਾ।

15 ਯੂਹੰਨਾ ਨੇ ਉਸ ਉੱਤੇ ਸਾਖੀ ਦਿੱਤੀ ਅਤੇ ਪੁਕਾਰ ਕੇ ਆਖਿਆ, ਇਹ ਉਹੋ ਹੈ ਜਿਹ ਦੇ ਵਿਖੇ ਮੈਂ ਆਖਿਆ ਕਿ ਜੋ ਮੇਰੇ ਮਗਰੋਂ ਆਉਣ ਵਾਲਾ ਹੈ ਸੋ ਮੈਥੋਂ ਵੱਡਾ ਬਣਿਆ ਕਿਉਂਕਿ ਉਹ ਮੈਥੋਂ ਪਹਿਲਾਂ ਸੀ।

16 ਉਸ ਦੀ ਭਰਪੂਰੀ ਵਿੱਚੋਂ ਅਸਾਂ ਸਭਨਾਂ ਨੇ ਪਾਇਆ, ਕਿਰਪਾ ਉੱਤੇ ਕਿਰਪਾ।

17 ਤੁਰੇਤ ਤਾਂ ਮੂਸਾ ਦੇ ਰਾਹੀਂ ਦਿੱਤੀ ਗਈ ਸੀ, ਕਿਰਪਾ ਅਤੇ ਸਚਿਆਈ ਯਿਸੂ ਮਸੀਹ ਤੋਂ ਪਹੁੰਚੀ।

**ਕੁਲੁੱਸੀਆਂ 1:13-17**

13 ਅਤੇ ਸਾਨੂੰ ਅੰਧਕਾਰ ਦੇ ਵੱਸ ਵਿੱਚੋਂ ਛੁਡਾ ਕੇ ਆਪਣੇ ਪਿਆਰੇ ਪੁੱਤ੍ਰ ਦੇ ਰਾਜ ਵਿੱਚ ਪੁਚਾ ਦਿੱਤਾ।

14 ਉਸ ਦੇ ਵਿੱਚ ਸਾਨੂੰ ਨਿਸਤਾਰਾ ਅਰਥਾਤ ਪਾਪਾਂ ਦੀ ਮਾਫ਼ੀ ਮਿਲਦੀ ਹੈ।

15 ਉਹ ਅਲੱਖ ਪਰਮੇਸ਼ੁਰ ਦਾ ਰੂਪ ਅਤੇ ਸਾਰੀ ਸਰਿਸ਼ਟ ਵਿੱਚੋਂ ਜੇਠਾ ਹੈ।

16 ਕਿਉਂ ਜੋ ਅਕਾਸ਼ ਅਤੇ ਧਰਤੀ ਉਤਲੀਆਂ ਸਾਰੀਆਂ ਵਸਤਾਂ ਉਸੇ ਤੋਂ ਉਤਪਤ ਹੋਈਆਂ, ਨਾਲੇ ਦਿੱਸਣ ਵਾਲੀਆਂ, ਨਾਲੇ ਨਾ ਦਿੱਸਣ ਵਾਲੀਆਂ, ਕੀ ਸਿੰਘਾਸਣ, ਕੀ ਰਿਆਸਤਾਂ, ਕੀ ਹਕੂਮਤਾਂ, ਕੀ ਇਖ਼ਤਿਆਰ, ਸੱਭੇ ਕੁਝ ਉਸ ਦੇ ਰਾਹੀਂ ਅਤੇ ਉਸੇ ਦੇ ਲਈ ਉਤਪਤ ਹੋਇਆ ਹੈ

17 ਅਤੇ ਉਹ ਸਭ ਤੋਂ ਪਹਿਲਾਂ ਹੈ ਅਰ ਸੱਭੇ ਕੁਝ ਉਸੇ ਵਿੱਚ ਕਾਇਮ ਰਹਿੰਦਾ ਹੈ।

**ਆਪਣੇ ਮਨ ਵਿੱਚ ਵਿਚਾਰ ਕਰੋ ਜਾਂ ਸਮੂਹ ਵਿੱਚ ਚਰਚਾ ਕਰੋ ਅਤੇ ਫਿਰ ਆਪਣੇ ਉੱਤਰ ਲਿਖੋ:**

- ਯਿਸੂ ਦੇ ਸੰਦਰਭਾਂ ਉੱਤੇ ਨਿਸ਼ਾਨ ਲਗਾਉਣ ਨਾਲ ਤੁਸੀਂ ਕੀ ਸਿੱਖਦੇ ਹੋ?

- ਯੂਹੰਨਾ 1:3 ਦੇ ਅਨੁਸਾਰ ਸਭਨਾਂ ਵਸਤਾਂ ਦਾ ਸਿਰਜਣਹਾਰ ਕੌਣ ਹੈ?

- ਯੂਹੰਨਾ 1:14 ਵਿੱਚ ਅਸੀਂ ਪੜ੍ਹਦੇ ਹਾਂ ਕਿ ਸ਼ਬਦ ਦੇਹ ਧਾਰੀ ਹੋਇਆ ਅਤੇ ਸਾਡੇ ਵਿੱਚ ਵਾਸ ਕੀਤਾ। ਇਹ ਕਿਸ ਵੱਲ ਇਸ਼ਾਰਾ ਕਰਦਾ ਹੈ?

- ਅਲੱਖ ਪਰਮੇਸ਼ੁਰ ਦਾ ਰੂਪ ਕੌਣ ਹੈ?

- ਅਕਾਸ਼ ਅਤੇ ਧਰਤੀ ਉਤਲੀਆਂ ਸਾਰੀਆਂ ਵਸਤਾਂ ਕਿਵੇਂ ਅਤੇ ਕਿਉਂ ਉਤਪਤ ਕੀਤੀਆਂ ਗਈਆਂ ਸਨ?

- ਕੁਲੁੱਸੀਆਂ 1:17 ਦੇ ਅਨੁਸਾਰ ਸੱਭੇ ਕੁਝ ਕਿਸ ਵਿੱਚ ਕਾਇਮ ਰਹਿੰਦਾ ਹੈ?

**ਵਧੇਰੇ ਜਾਣਕਾਰੀ***: "ਜੇਠਾ" ਦਾ ਅਰਥ "ਸਭ ਤੋਂ ਪਹਿਲਾਂ ਰਚਿਆ ਗਿਆ" ਨਹੀਂ ਹੈ। ਹਾਲਾਂਕਿ ਯਿਸੂ ਦੇ ਕੋਲ ਮਨੁੱਖੀ ਸ਼ਖਸੀਅਤ ਸੀ, ਤਾਂ ਵੀ ਉਸ ਦੀ ਰੱਬੀ ਸ਼ਖਸੀਅਤ ਨੂੰ ਸਿਰਜਿਆ ਨਹੀਂ ਗਿਆ ਸੀ; ਜਿਵੇਂ ਕਿ ਯੂਹੰਨਾ ਆਖਦਾ ਹੈ ਕਿ ਉਹ "ਆਦ ਵਿੱਚ," "ਪਰਮੇਸ਼ੁਰ ਦੇ ਸੰਗ ਸੀ" ਅਤੇ "ਪਰਮੇਸ਼ੁਰ ਸੀ।"*

ਅਗਲੇ ਬਿਰਤਾਂਤ ਵਿੱਚ ਯਿਸੂ ਯਹੂਦੀਆਂ ਦੇ ਨਾਲ ਗੱਲ ਕਰ ਰਿਹਾ ਹੈ। ਯਹੂਦੀਆਂ ਦਾ ਪੁਰਖਾ ਅਬਰਾਹਾਮ ਯਿਸੂ ਦੇ ਜਨਮ ਤੋਂ ਦੋ ਹਜ਼ਾਰ ਵਰ੍ਹੇ ਪਹਿਲਾਂ ਹੋਇਆ ਸੀ ਅਤੇ ਮਰ ਚੁੱਕਾ ਸੀ।

**ਪਤਾ ਲਗਾਓ:**

ਯੂਹੰਨਾ 8:54-59 ਨੂੰ ਪੜ੍ਹੋ ਅਤੇ...

- ਅਬਰਾਹਾਮ ਦੇ ਹਰੇਕ ਹਵਾਲੇ ਉੱਤੇ ਇੱਕ ਵੱਡੇ **ਅ** ਦਾ ਨਿਸ਼ਾਨ ਲਗਾਓ।
- **ਯਿਸੂ** ਦੇ ਸਭਨਾਂ ਪੜਨਾਵਾਂ ਸਣੇ ਉਸ ਦੇ ਹਰੇਕ ਹਵਾਲੇ ਉੱਤੇ ਸਲੀਬ (✝) ਦਾ ਨਿਸ਼ਾਨ ਬਣਾਓ।

**ਯੂਹੰਨਾ 8:54-59**

**54** ਯਿਸੂ ਨੇ ਉੱਤਰ ਦਿੱਤਾ, ਜੇ ਮੈਂ ਆਪਣੀ ਵਡਿਆਈ ਕਰਾਂ ਤਾਂ ਮੇਰੀ ਵਡਿਆਈ ਕੁਝ ਨਹੀਂ ਹੈ। ਜੋ ਮੇਰੀ ਵਡਿਆਈ ਕਰਦਾ ਹੈ ਸੋ ਮੇਰਾ ਪਿਤਾ ਹੈ ਜਿਹ ਨੂੰ ਤੁਸੀਂ ਆਖਦੇ ਹੋ ਜੋ ਉਹ ਸਾਡਾ ਪਰਮੇਸ਼ੁਰ ਹੈ

55 ਅਤੇ ਤੁਸਾਂ ਉਹ ਨੂੰ ਨਹੀਂ ਜਾਤਾ ਪਰ ਮੈਂ ਉਹ ਨੂੰ ਜਾਣਦਾ ਹਾਂ ਅਰ ਜੇ ਮੈਂ ਆਂਖਾ ਭਈ ਮੈਂ ਉਹ ਨੂੰ ਨਹੀਂ ਜਾਣਦਾ ਤਾਂ ਤੁਹਾਡੇ ਵਾਂਙੁ ਝੂਠਾ ਹੋਵਾਂਗਾ ਪਰ ਮੈਂ ਉਹ ਨੂੰ ਜਾਣਦਾ ਹਾਂ ਅਰ ਉਹ ਦੇ ਬਚਨ ਦੀ ਪਾਲਨਾ ਕਰਦਾ ਹਾਂ।

56 ਤੁਹਾਡਾ ਪਿਤਾ ਅਬਰਾਹਾਮ ਮੇਰੇ ਦਿਨ ਦੇਖਣ ਨੂੰ ਅਨੰਦ ਸੀ ਅਰ ਉਸ ਨੇ ਵੇਖਿਆ ਅਤੇ ਪਰਸਿੰਨ ਹੋਇਆ।

57 ਤਾਂ ਯਹੂਦੀਆਂ ਨੇ ਉਹ ਨੂੰ ਆਖਿਆ, ਤੇਰੀ ਉਮਰ ਤਾਂ ਅਜੇ ਪੰਜਾਹਾਂ ਵਰਿਹਾਂ ਦੀ ਨਹੀਂ ਅਤੇ ਤੈਂ ਅਬਰਾਹਾਮ ਨੂੰ ਵੇਖਿਆ ਹੈ?

58 ਯਿਸੂ ਨੇ ਉਨ੍ਹਾਂ ਨੂੰ ਕਿਹਾ, ਮੈਂ ਤੁਹਾਨੂੰ ਸੱਚ ਸੱਚ ਆਖਦਾ ਹਾਂ ਜੋ ਅਬਰਾਹਾਮ ਦੇ ਹੋਣ ਤੋਂ ਪਹਿਲਾਂ ਮੈਂ ਹਾਂ।

59 ਉਪਰੰਤ ਉਨ੍ਹਾਂ ਉਸ ਦੇ ਮਾਰਨ ਨੂੰ ਪੱਥਰ ਚੁੱਕੇ ਪਰ ਯਿਸੂ ਨੇ ਆਪਣੇ ਤਾਈਂ ਲੁਕੋਇਆ ਅਤੇ ਹੈਕਲੋਂ ਬਾਹਰ ਚੱਲਿਆ ਗਿਆ।

**ਵਧੇਰੇ ਜਾਣਕਾਰੀ:** *"ਮੈਂ ਹਾਂ" ਉਹ ਨਾਮ ਹੈ ਜਿਸ ਦੀ ਵਰਤੋਂ ਪਰਮੇਸ਼ੁਰ ਨੇ ਆਪਣੇ ਲਈ ਉਸ ਵੇਲੇ ਕੀਤੀ ਸੀ ਜਦੋਂ ਉਸ ਨੇ ਬਲਦੀ ਹੋਈ ਝਾੜੀ ਵਿੱਚੋਂ ਮੂਸਾ ਨਾਲ ਗੱਲ ਕੀਤੀ ਸੀ। ਯਿਸੂ ਮਸੀਹ ਤੋਂ 1400 ਵਰ੍ਹੇ ਪਹਿਲਾਂ ਹੋਏ ਮੂਸਾ ਨੂੰ ਪਰਮੇਸ਼ੁਰ ਨੇ ਇਸਰਾਏਲ ਨੂੰ ਮਿਸਰ ਦੀ ਗੁਲਾਮੀ ਵਿੱਚੋਂ ਛੁਡਾਉਣ ਲਈ ਇਸਤੇਮਾਲ ਕੀਤਾ ਸੀ। ਆਪਣੇ ਆਪ ਨੂੰ "ਮੈਂ ਹਾਂ" ਆਖ ਕੇ ਯਿਸੂ ਆਪਣੇ ਆਪ ਨੂੰ ਉਸ ਪਰਮੇਸ਼ੁਰ ਦੇ ਤੁੱਲ ਕਰ ਰਿਹਾ ਸੀ ਜਿਸ ਨੇ ਬਲਦੀ ਝਾੜੀ ਵਿੱਚੋਂ ਮੂਸਾ ਨਾਲ ਗੱਲ ਕੀਤੀ ਸੀ।*

**ਆਪਣੇ ਮਨ ਵਿੱਚ ਵਿਚਾਰ ਕਰੋ ਜਾਂ ਸਮੂਹ ਵਿੱਚ ਚਰਚਾ ਕਰੋ ਅਤੇ ਫਿਰ ਆਪਣੇ ਉੱਤਰ ਲਿਖੋ:**

- ਇਨ੍ਹਾਂ ਆਇਤਾਂ ਵਿੱਚ ਯਿਸੂ ਕੀ ਦਾਅਵਾ ਕਰ ਰਿਹਾ ਸੀ? ਉਹ ਆਪਣੇ ਬਾਰੇ ਕੀ ਉਜਾਗਰ ਕਰ ਰਿਹਾ ਸੀ?

- ਯਹੂਦੀਆਂ ਨੇ ਯਿਸੂ ਦੇ ਦਾਅਵੇ ’ਤੇ ਕਿਵੇਂ ਇਤਰਾਜ਼ ਕੀਤਾ?

- ਉਨ੍ਹਾਂ ਦੇ ਇਤਰਾਜ਼ ਦਾ ਯਿਸੂ ਨੇ ਕਿਵੇਂ ਪ੍ਰਤੀਉੱਤਰ ਦਿੱਤਾ?

- ਆਇਤ 59 ਦੇ ਅਨੁਸਾਰ ਕਿਸ ਗੱਲ ਨੇ ਯਹੂਦੀਆਂ ਨੂੰ ਭੜਕਾ ਦਿੱਤਾ ਕਿ “ਉਨ੍ਹਾਂ ਉਸ ਦੇ ਮਾਰਨ ਨੂੰ ਪੱਥਰ ਚੁੱਕੇ”?



**ਪਤਾ ਲਗਾਓ:**

ਇਬਰਾਨੀਆਂ 1:1-3, 10-12 ਨੂੰ ਪੜ੍ਹੋ ਅਤੇ...

- **ਪੁੱਤ੍ਰ** ਅਤੇ **ਪ੍ਰਭੂ** ਸਣੇ ਯਿਸੂ ਦੇ ਹਰੇਕ ਹਵਾਲੇ ਉੱਤੇ ਸਲੀਬ (†) ਦਾ ਨਿਸ਼ਾਨ ਬਣਾਓ।
- ਸਭਨਾਂ ਪੜਨਾਵਾਂ ਸਣੇ **ਪਰਮੇਸ਼ੁਰ** ਪਿਤਾ ਦੇ ਹਰੇਕ ਹਵਾਲੇ ਉੱਤੇ ਤਿਕੋਣ ਦਾ ਨਿਸ਼ਾਨ ਬਣਾਓ।

## ਇਬਰਾਨੀਆਂ 1:1-3, 10-12

**1** ਪਰਮੇਸ਼ੁਰ ਨੇ ਜਿਨ ਪਿੱਛਲਿਆਂ ਸਮਿਆਂ ਵਿੱਚ ਨਬੀਆਂ ਦੇ ਰਾਹੀਂ ਸਾਡੇ ਵੱਡਿਆਂ ਨਾਲ ਕਈਆਂ ਹਿੱਸਿਆਂ ਵਿੱਚ ਅਤੇ ਕਈ ਤਰਾਂ ਨਾਲ ਗੱਲ ਕੀਤੀ ਸੀ।

2 ਇਨ੍ਹਾਂ ਦਿਨਾਂ ਦੇ ਅੰਤ ਵਿੱਚ ਸਾਡੇ ਨਾਲ ਪੁੱਤ੍ਰ ਦੇ ਰਾਹੀਂ ਗੱਲ ਕੀਤੀ ਜਿਹ ਨੂੰ ਉਹ ਨੇ ਸਭਨਾਂ ਵਸਤਾਂ ਦਾ ਵਾਰਸ ਬਣਾਇਆ ਅਤੇ ਓਸੇ ਦੇ ਵਸੀਲੇ ਉਹ ਨੇ ਜਹਾਨ ਵੀ ਰਚੇ।

3 ਉਹ ਉਸ ਦੇ ਤੇਜ ਦਾ ਪਿਰਤ ਬਿੰਬ ਅਤੇ ਉਸ ਦੀ ਜ਼ਾਤ ਦਾ ਨਕਸ਼ ਹੋ ਕੇ ਆਪਣੇ ਸਮਰੱਥਾ ਦੇ ਬਚਨ ਨਾਲ ਸਭਨਾਂ ਵਸਤਾਂ ਨੂੰ ਸਮ੍ਹਾਲ ਕੇ ਅਰ ਪਾਪਾਂ ਨੂੰ ਸਾਫ਼ ਕਰ ਕੇ ਪਰਮ ਧਾਮ ਵਿੱਚ ਅੱਤ ਮਹਾਨ ਦੇ ਸੱਜੇ ਪਾਸੇ ਬਿਰਾਜਮਾਨ ਹੋਇਆ।

**10** ਅਤੇ ਇਹ ਭੀ, -ਹੇ ਪ੍ਰਭੂ, ਤੈਂ ਆਦ ਵਿੱਚ ਧਰਤੀ ਦੀ ਨੀਂਹ ਧਰੀ ਅਤੇ ਅਕਾਸ਼ ਤੇਰੇ ਹੱਥਾਂ ਦੀ ਕਾਰਾਗਰੀ ਹਨ,

11 ਓਹ ਨਾਸ ਹੋ ਜਾਣਗੇ ਪਰ ਤੂੰ ਅਟੱਲ ਰਹਿੰਦਾ ਹੈਂ, ਓਹ ਸਾਰੇ ਕੱਪੜੇ ਵਾਂਙੁ ਪੁਰਾਣੇ ਹੋ ਜਾਣਗੇ,

12 ਅਤੇ ਚਾਦਰ ਵਾਂਙੁ ਤੂੰ ਓਹਨਾਂ ਨੂੰ ਵਲ੍ਹੇਟੇਂਗਾ ਅਤੇ ਕੱਪੜੇ ਵਾਂਙੁ ਓਹ ਬਦਲੇ ਜਾਣਗੇ, ਪਰ ਤੂੰ ਉਹੀ ਹੈਂ ਅਤੇ ਤੇਰੇ ਵਰਹੇ ਮੁੱਕਣਗੇ ਨਹੀਂ।

**ਆਪਣੇ ਮਨ ਵਿੱਚ ਵਿਚਾਰ ਕਰੋ ਜਾਂ ਸਮੂਹ ਵਿੱਚ ਚਰਚਾ ਕਰੋ ਅਤੇ ਫਿਰ ਆਪਣੇ ਉੱਤਰ ਲਿਖੋ:**

- ਪਿਛਲਿਆਂ ਸਮਿਆਂ ਵਿੱਚ ਪਰਮੇਸ਼ੁਰ ਨੇ ਸਾਡੇ ਵੱਡਿਆਂ (ਪੁਰਖਿਆਂ) ਨਾਲ ਕਿਵੇਂ ਗੱਲ ਕੀਤੀ ਸੀ? ਹੁਣ ਸਾਡੇ ਨਾਲ ਉਹ ਕਿਵੇਂ ਗੱਲ ਕਰਦਾ ਹੈ?

- ਇਨ੍ਹਾਂ ਆਇਤਾਂ ਵਿੱਚੋਂ ਤੁਸੀਂ ਯਿਸੂ ਬਾਰੇ ਕੀ ਸਿੱਖਦੇ ਹੋ?

- ਜਦ ਪਰਮੇਸ਼ੁਰ ਨੇ ਸੰਸਾਰ ਨੂੰ ਸਿਰਜਿਆ ਤਦ ਯਿਸੂ ਕਿੱਥੇ ਸੀ?

- ਸਭਨਾਂ ਵਸਤਾਂ ਨੂੰ ਕੌਣ ਅਤੇ ਕਿਵੇਂ ਸਮ੍ਹਾਲਦਾ ਹੈ?

- ਹੁਣ ਯਿਸੂ ਕਿੱਥੇ ਹੈ?

- ਧਰਤੀ ਦੀ ਨੀਂਹ ਕਿਸ ਨੇ ਧਰੀ ਅਤੇ ਅਕਾਸ਼ ਕਿਸ ਦੇ ਹੱਥਾਂ ਦੀ ਕਾਰਾਗਰੀ ਹਨ?

- ਪ੍ਰਭੂ ਧਰਤੀ ਅਤੇ ਅਕਾਸ਼ਾਂ ਨਾਲ ਕੀ ਕਰੇਗਾ?



**ਹੋਰ ਵਧੇਰੇ ਜਾਣਕਾਰੀ:** *ਆਮ ਤੌਰ 'ਤੇ "ਵਾਰਸ" ਉਹ ਵਿਅਕਤੀ ਹੁੰਦਾ ਹੈ ਜਿਹੜਾ ਕਿਸੇ ਵਿਅਕਤੀ ਦੀ ਮੌਤ ਤੋਂ ਬਾਅਦ ਉਸ ਦੀ ਸੰਪਤੀ ਜਾਂ ਉਸ ਦੀ ਪਦਵੀ ਨੂੰ ਪ੍ਰਾਪਤ ਕਰਨ ਵਾਲਾ ਕਨੂੰਨਨ ਅਧਿਕਾਰੀ ਹੁੰਦਾ ਹੈ। ਪਰ ਇੱਥੇ ਪਰਮੇਸ਼ੁਰ ਦੁਆਰਾ ਯਿਸੂ ਨੂੰ ਸਭਨਾਂ ਵਸਤਾਂ ਦਾ ਵਾਰਸ ਠਹਿਰਾਉਣ ਦਾ ਭਾਵ ਇਸ ਤੱਥ ਤੋਂ ਹੈ ਕਿ ਪਰਮੇਸ਼ੁਰ ਨੇ ਸਭਨਾਂ ਵਸਤਾਂ ਦੀ ਸਰਿਸ਼ਟੀ ਯਿਸੂ ਦੇ ਰਾਹੀਂ ਕੀਤੀ ਸੀ। ਇਹ ਤਾਂ ਸਪਸ਼ਟ ਹੀ ਹੈ ਕਿ ਪਰਮੇਸ਼ੁਰ ਦੀ ਮੌਤ ਨਹੀਂ ਹੋ ਸਕਦੀ ਭਈ ਉਹ ਆਪਣੀ ਸੰਪਤੀ ਆਪਣੇ ਪੁੱਤਰ ਲਈ ਛੱਡ ਕੇ ਜਾਵੇ। ਇਹ ਆਇਤਾਂ ਸਾਨੂੰ ਇਹ ਵੀ ਸਿਖਾਉਂਦੀਆਂ ਹਨ ਕਿ ਯਿਸੂ ਆਪਣੀ ਸਮਰੱਥਾ ਦੇ ਬਚਨ ਨਾਲ ਸਭਨਾਂ ਵਸਤਾਂ ਨੂੰ ਸਮ੍ਹਾਲਦਾ ਹੈ ਅਤੇ ਪਾਪਾਂ ਨੂੰ ਸਾਫ਼ ਕਰ ਕੇ ਪਿਤਾ ਦੇ ਸੱਜੇ ਪਾਸੇ ਬਿਰਾਜਮਾਨ ਹੋਇਆ ਹੈ। ਆਉਣ ਵਾਲੇ ਅਧਿਆਇਆਂ ਵਿੱਚ ਅਸੀਂ ਯਿਸੂ ਦੀ ਸ਼ਖਸੀਅਤ ਅਤੇ ਕੰਮ ਬਾਰੇ ਵਧੇਰੇ ਸਿੱਖਾਂਗੇ।*

**ਪਤਾ ਲਗਾਓ:**

ਯੂਹੰਨਾ 17:1-5 ਨੂੰ ਪੜ੍ਹੋ ਅਤੇ...

- **ਪੁੱਤ੍ਰ** ਸਣੇ **ਯਿਸੂ** ਦੇ ਹਰੇਕ ਹਵਾਲੇ ਉੱਤੇ ਸਲੀਬ (✝) ਦਾ ਨਿਸ਼ਾਨ ਬਣਾਓ।
- ਸਭਨਾਂ ਪੜਨਾਵਾਂ ਸਣੇ **ਪਰਮੇਸ਼ੁਰ** ਪਿਤਾ ਦੇ ਹਰੇਕ ਹਵਾਲੇ ਉੱਤੇ ਤਿਕੋਣ ਦਾ ਨਿਸ਼ਾਨ ਬਣਾਓ।

**ਯੂਹੰਨਾ 17:1-5**

**1** ਯਿਸੂ ਨੇ ਏਹ ਗੱਲਾਂ ਆਖੀਆਂ ਅਤੇ ਆਪਣੀਆਂ ਅੱਖਾਂ ਅਕਾਸ਼ ਵੱਲ ਚੁੱਕ ਕੇ ਕਿਹਾ, ਹੇ ਪਿਤਾ ਘੜੀ ਆ ਪਹੁੰਚੀ ਹੈ। ਆਪਣੇ ਪੁੱਤ੍ਰ ਦੀ ਵਡਿਆਈ ਕਰ ਤਾਂ ਜੋ ਪੁੱਤ੍ਰ ਤੇਰੀ ਵਡਿਆਈ ਕਰੇ।

2 ਜਿਵੇਂ ਤੈਂ ਉਹ ਨੂੰ ਸਾਰੇ ਸਰੀਰਾਂ ਉੱਤੇ ਇਖ਼ਤਿਆਰ ਬਖ਼ਸ਼ਿਆ ਭਈ ਉਹ ਉਨ੍ਹਾਂ ਸਭਨਾਂ ਨੂੰ ਜੋ ਤੈਂ ਉਹ ਨੂੰ ਦਿੱਤੇ ਹਨ ਸਦੀਪਕ ਜੀਉਣ ਦੇਵੇ।

3 ਅਤੇ ਸਦੀਪਕ ਜੀਉਣ ਇਹ ਹੈ ਕਿ ਓਹ ਤੈਨੂੰ ਜੋ ਸੱਚਾ ਵਾਹਿਦ ਪਰਮੇਸ਼ੁਰ ਹੈ ਅਤੇ ਯਿਸੂ ਮਸੀਹ ਨੂੰ ਜਿਹ ਨੂੰ ਤੈਂ ਘੱਲਿਆ ਜਾਣਨ।

4 ਜਿਹੜਾ ਕੰਮ ਤੈਂ ਮੈਨੂੰ ਕਰਨ ਲਈ ਦਿੱਤਾ ਸੀ ਉਹ ਪੂਰਾ ਕਰ ਕੇ ਮੈਂ ਧਰਤੀ ਉੱਤੇ ਤੇਰੀ ਵਡਿਆਈ ਕੀਤੀ।

5 ਹੁਣ ਹੇ ਪਿਤਾ ਤੂੰ ਆਪਣੀ ਸੰਗਤ ਦੀ ਉਸ ਵਡਿਆਈ ਨਾਲ ਜੋ ਮੈਂ ਜਗਤ ਦੇ ਹੋਣ ਤੋਂ ਅੱਗੇ ਹੀ ਤੇਰੇ ਨਾਲ ਰੱਖਦਾ ਸਾਂ ਮੇਰੀ ਵਡਿਆਈ ਪਰਗਟ ਕਰ।

**ਆਪਣੇ ਮਨ ਵਿੱਚ ਵਿਚਾਰ ਕਰੋ ਜਾਂ ਸਮੂਹ ਵਿੱਚ ਚਰਚਾ ਕਰੋ ਅਤੇ ਫਿਰ ਆਪਣੇ ਉੱਤਰ ਲਿਖੋ:**

- ਇਨ੍ਹਾਂ ਆਇਤਾਂ ਵਿੱਚੋਂ ਤੁਸੀਂ ਯਿਸੂ ਬਾਰੇ ਕੀ ਸਿੱਖਦੇ ਹੋ?

- ਤੁਸੀਂ ਪਰਮੇਸ਼ੁਰ ਪਿਤਾ ਬਾਰੇ ਕੀ ਸਿੱਖਦੇ ਹੋ?

- ਆਇਤ ਦੋ ਵਿੱਚ ਯਿਸੂ ਨੇ ਕੀ ਆਖਿਆ ਕਿ ਉਸ ਦੇ ਕੋਲ ਕੀ ਹੈ, ਇਹ ਉਸ ਨੂੰ ਕਿਸ ਨੇ ਦਿੱਤਾ ਅਤੇ ਉਹ ਇਸ ਦੇ ਨਾਲ ਕੀ ਕਰੇਗਾ?

- ਆਇਤ ਤਿੰਨ ਵਿੱਚ ਯਿਸੂ ਨੇ ਕੀ ਆਖਿਆ ਕਿ ਸਦੀਪਕ ਜੀਵਨ ਕੀ "ਹੈ"?

- ਆਇਤ 5 ਵਿੱਚ ਯਿਸੂ ਨੇ ਆਪਣੇ ਬਾਰੇ ਕੀ ਦਾਅਵਾ ਕੀਤਾ? ਕੀ ਤੁਸੀਂ ਵੇਖ ਸਕਦੇ ਹੋ ਕਿ ਇਹ ਉਸ ਦੇ ਨਾਲ ਕਿਵੇਂ ਮੇਲ ਖਾਂਦਾ ਹੈ ਜੋ ਅਸੀਂ ਯਿਸੂ ਬਾਰੇ ਪਹਿਲਾਂ ਸਿੱਖਿਆ ਸੀ?

## ਸਾਰ

ਇਸ ਅਧਿਆਇ ਵਿੱਚ ਅਸੀਂ ਵੇਖਿਆ ਕਿ ਯਿਸੂ ਪਰਮੇਸ਼ੁਰ ਦਾ ਪੁੱਤਰ ਹੈ ਅਤੇ ਉਸ ਨੂੰ ਇੰਮਾਨੂਏਲ (“ਪਰਮੇਸ਼ੁਰ ਸਾਡੇ ਸੰਗ”) ਆਖਿਆ ਗਿਆ ਹੈ। ਅਸੀਂ ਵੇਖਿਆ ਕਿ ਭਵਿੱਖ ਦਾ ਰਾਜ ਯਿਸੂ ਦੇ ਮੋਢਿਆਂ ਉੱਤੇ ਹੋਵੇਗਾ। ਉਸ ਦਾ ਨਾਮ, "ਅਚਰਜ ਸਲਾਹੂ, ਸ਼ਕਤੀਮਾਨ ਪਰਮੇਸ਼ੁਰ, ਅਨਾਦੀ ਪਿਤਾ, ਸ਼ਾਂਤੀ ਦਾ ਰਾਜਕੁਮਾਰ" ਹੋਵੇਗਾ। ਯਿਸੂ ਦੇ ਰਾਜ ਦੀ ਤਰੱਕੀ ਅਤੇ ਸਲਾਮਤੀ ਦੀ ਕੋਈ ਹੱਦ ਨਾ ਹੋਵੇਗੀ। ਉਸ ਦਾ ਰਾਜ ਨਿਆਂਪੂਰਣ ਅਤੇ ਧਰਮੀ ਹੋਵੇਗਾ। ਉਹ ਸਦਾਕਾਲ ਲਈ ਧਰਤੀ ਉੱਤੇ ਰਾਜ ਕਰੇਗਾ। ਅਸੀਂ ਇਹ ਵੀ ਵੇਖਿਆ ਕਿ ਆਦ ਵਿੱਚ ਜਿਹੜਾ ਸ਼ਬਦ ਦੇਹ ਧਾਰੀ ਹੋਇਆ ਸੀ, ਉਹ ਪਰਮੇਸ਼ੁਰ ਦੇ ਸੰਗ ਸੀ ਅਤੇ ਸੱਭੇ ਕੁਝ ਉਸ ਤੋਂ ਰਚਿਆ ਗਿਆ ਸੀ। “ਸੱਭੇ ਕੁਝ” ਵਿੱਚ ਉਹ ਸਾਰੀਆਂ ਵਸਤਾਂ ਆਉਂਦੀਆਂ ਹਨ ਜਿਹੜੀਆਂ ਸਿਰਜੀਆਂ ਗਈਆਂ ਸਨ। ਉਹ ਪਰਤਾਪਵਾਨ ਹੈ ਅਤੇ ਕਿਰਪਾ ਅਤੇ ਸਚਿਆਈ ਨਾਲ ਭਰਪੂਰ ਹੈ।

ਯਿਸੂ ਅਲੱਖ ਪਰਮੇਸ਼ੁਰ ਦਾ ਰੂਪ ਅਤੇ ਸਾਰੀ ਸਰਿਸ਼ਟੀ ਵਿੱਚ ਜੇਠਾ ਹੈ। ਅਕਾਸ਼ ਅਤੇ ਧਰਤੀ ਉਤਲੀਆਂ ਸਾਰੀਆਂ ਵਸਤਾਂ, ਦਿੱਸਣ ਵਾਲੀਆਂ, ਨਾਲੇ ਨਾ ਦਿੱਸਣ ਵਾਲੀਆਂ, ਉਸ ਦੇ ਰਾਹੀਂ ਅਤੇ ਉਸੇ ਦੇ ਲਈ ਉਤਪਤ ਹੋਈਆਂ ਹਨ। ਉਹ ਸਭ ਤੋਂ ਪਹਿਲਾਂ ਹੈ ਅਤੇ ਬ੍ਰਹਿਮੰਡ ਵਿਚਲਾ ਸੱਭੇ ਕੁਝ ਉਸੇ ਵਿੱਚ ਕਾਇਮ ਰਹਿੰਦਾ ਹੈ। ਯਿਸੂ ਨੇ ਅਕਾਸ਼ ਅਤੇ ਧਰਤੀ ਦੀ ਨੀਂਹ ਧਰੀ। ਅਣਗਿਣਤ ਤਾਰੇ ਅਤੇ ਅਕਾਸ਼ਗੰਗਾਵਾਂ ਉਸੇ ਦੇ ਹੱਥਾਂ ਦੀ ਕਾਰਾਗਰੀ ਹਨ ਅਤੇ ਇੱਕ ਦਿਨ ਉਹ ਚਾਦਰ ਵਾਂਙੁ ਉਨ੍ਹਾਂ ਨੂੰ ਵਲ੍ਹੇਟ ਦੇਵੇਗਾ। ਇਸ ਬਾਰੇ ਅਸੀਂ ਖਾਸ ਤੌਰ ’ਤੇ ਆਖਰੀ ਅਧਿਆਇ ਵਿੱਚ ਪੜ੍ਹਾਂਗੇ, ਜਿਸ ਦਾ ਸਿਰਲੇਖ ਹੈ, **ਉਸ ਦੀ ਦੂਜੀ ਆਮਦ**।